# ਜਮਾਤ :- ਅੱਠਵੀਂ

| ਹਫਤਾ | ਵਿਸ਼ਾ ਵਸਤੂ | ਉਦੇਸ਼ | ਸੁਝਾਈਆਂ ਕਿਰਿਆਵਾਂ | ਸਹਾਇਕ ਸਮੱਗਰੀ / ਸਾਧਨ |
|---|---|---|---|---|
| **ਪਹਿਲਾ ਹਫਤਾ** | ਪਾਠ-1 "ਜੈ ਭਾਰਤ ਮਾਤਾ" (ਕਵਿਤਾ) | ਵਿਦਿਆਰਥੀਆਂ ਨੂੰ ਦੇਸ਼ ਲਈ ਕੁਰਬਾਨੀ ਕਰਨ ਵਾਲੇ ਸ਼ਹੀਦਾ ਬਾਰੇ ਜਾਣਕਾਰੀ ਦੇਣਾ। | ਕਵਿਤਾ ਦਾ ਸਮੂਹ ਗਾਨ ਕਰਵਾਉਣਾ। | ਕਵਿਤਾ ਵਿਚ ਆਏ ਦੇਸ਼ ਭਗਤਾਂ ਤੇ ਥਾਂਵਾਂ ਦੀਆਂ ਤਸਵੀਰਾਂ/ਫਲੈਸ਼ ਕਾਰਡ। |
| | ਮਿੱਤਰ/ਸਹੇਲੀ ਨੂੰ ਪੂਰੇ ਜਿਲ੍ਹੇ ਵਿਚੋਂ ਫਸਟ ਆਉਣ ਤੇ ਵਧਾਈ ਪੱਤਰ | ਵਿਹਾਰਕ ਜਿੰਦਗੀ ਵਿਚ ਪੱਤਰ ਲਿਖਣ ਦੀ ਕਾਬਲੀਅਤ ਪੈਦਾ ਕਰਨੀ। | ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਦੇ ਹੋਰ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। | ਵੱਖ- ਵੱਖ ਤਰ੍ਹਾਂ ਦੇ ਪੱਤਰਾਂ ਦੇ ਆਦਿ ਅਤੇ ਅੰਤ ਭਾਗਾਂ ਨੂੰ ਦਰਸਾਉਦਾ ਹੋਇਆ ਚਾਰਟ/ਫਲੈਸ਼ ਕਾਰਡ। |
| **ਦੂਜਾ ਹਫਤਾ** | ਪਾਠ :-16 "ਗੁਲਾਬ ਦੀ ਫਸਲ" | ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਕੁਰਬਾਨੀਆਂ ਭਰੇ ਇਤਿਹਾਸ ਤੋਂ ਜਾਣੂ ਕਰਵਾਉਣਾ। | ਵਿਦਿਆਰਥੀਆਂ ਨੂੰ ਕਵਿਤਾ ਵਿਚ ਆਏ ਸ਼ਹੀਦਾਂ ਦੀਆਂ ਤਸਵੀਰਾਂ ਕਾਪੀ ਤੇ ਚਿਪਕਾ ਕੇ ਉਹਨਾ ਬਾਰੇ ਕੁਝ ਸਤਰਾਂ ਲਿਖਣ ਲਈ ਕਹਿਣਾ। | ਵਿਸ਼ੇ ਨਾਲ ਸਬੰਧਿਤ ਤਸਵੀਰਾਂ / ਫਲੈਸ਼ ਕਾਰਡ। |
| | ਲੇਖ:- " ਪੰਜਾਬ ਦਾ ਇਤਿਹਾਸਕ ਸ਼ਹਿਰ : ਸ੍ਰੀ ਆਨੰਦਪੁਰ ਸਾਹਿਬ" | ਵਿਦਿਆਰਥੀਆਂ ਨੂੰ ਸ੍ਰੀ ਆਨੰਦਪੁਰ ਸਾਹਿਬ ਦੀ ਭੂਗੋਲਿਕ ਸਥਿਤੀ ਦੀ ਜਾਣਕਾਰੀ ਦਿੰਦੇ ਹੋਏ ਇਸਦੇ ਇਤਿਹਾਸ ਅਤੇ ਵਰਤਮਾਨ ਹਾਲਤ ਤੋਂ ਜਾਣੂ ਕਰਵਾਉਣਾ। | ਵਿਦਿਆਰਥੀਆਂ ਨੂੰ ਆਨੰਦਪੁਰ ਸਾਹਿਬ ਦੇ ਇਤਿਹਾਸ ਅਤੇ ਵਰਤਮਾਨ ਨਾਲ ਸਬੰਧਿਤ ਤਸਵੀਰਾਂ ਇਕੱਠੀਆਂ ਕਰਨ ਲਈ ਕਹਿਣਾ। | ਵਿਸ਼ੇ ਨਾਲ ਸਬੰਧਿਤ ਤਸਵੀਰਾਂ / ਫਲੈਸ਼ ਕਾਰਡ। |
| | ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ। | ਵਿਦਿਆਰਥੀਆਂ ਨੂੰ ਵਿਹਾਰਕ ਜਿੰਦਗੀ ਵਿਚ ਪੱਤਰ ਲਿਖਣ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਹੋਰ ਵਿਸ਼ਿਆਂ ਦੇ ਨਾਲ ਸਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ | ਵੱਖ-ਵੱਖ ਤਰ੍ਹਾਂ ਦੇ ਪੱਤਰਾਂ ਦੇ ਆਦਿ ਅਤੇ ਅੰਤ ਭਾਗ ਨੂੰ ਦਰਸਾਉਂਦੇ ਫਲੈਸ਼ ਕਾਰਡ। |
| **ਤੀਜਾ ਹਫਤਾ** | ਪਾਠ:-13 "ਧਰਤੀ" | ਵਿਦਿਆਰਥੀਆਂ ਨੂੰ ਧਰਤੀ ਦੀ ਉਤਪੱਤੀ ਵਿਕਾਸ ਤੇ ਵਰਤਮਾਨ ਸਥਿਤੀ ਤੱਕ ਆਉਣ ਦੀ ਕਹਾਣੀ ਤੋਂ ਜਾਣੂ ਕਰਵਾਉਣਾ। | ਵਿਦਿਆਰਥੀਆਂ ਨੂੰ ਧਰਤੀ ਨਾਲ ਸਬੰਧਿਤ ਵਿਗਿਆਨ ਵਿਸ਼ੇ ਵਿਚ ਦੱਸੀਆਂ ਗੱਲਾਂ ਲਿਖ ਕੇ ਲਿਆਉਣ ਲਈ ਕਹਿਣਾ। | ਵਿਸ਼ੇ ਨਾਲ ਸਬੰਧਿਤ ਤਸਵੀਰਾਂ/ਫਲੈਸ਼ ਕਾਰਡ। |
| | ਲੇਖ ਪ੍ਰਦੂਸ਼ਣ ਦੀ ਸਮੱਸਿਆ | ਵਿਦਿਆਰਥੀਆਂ ਨੂੰ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਾਲੇ ਕਾਰਕਾਂ ਤੋਂ ਜਾਣੂ ਕਰਵਾਉਣਾ ਤੇ ਵਾਤਾਵਰਨ ਨੂੰ ਸ਼ੁੱਧ ਬਣਾਏ ਰੱਖਣ ਲਈ ਪ੍ਰੇਰਨਾ। | ਵਿਦਿਆਰਥੀਆਂ ਨੂੰ ਆਪਣੇ ਆਸੇ- ਪਾਸੇ ਹੋ ਰਹੇ ਵਾਤਾਵਰਨ ਪ੍ਰਦੂਸ਼ਣ ਦੇ ਕਾਰਨਾਂ ਤੇ ਰੋਕਥਾਮ ਲਈ ਲੋੜੀਂਦੇ ਸੁਝਾਵਾਂ ਨੂੰ ਲਿਖ ਕੇ ਲਿਆਉਣ ਲਈ ਕਹਿਣਾ। | ਵੱਖ-ਵੱਖ ਤਰ੍ਹਾਂ ਦੇ ਪ੍ਰਦੂਸ਼ਣਾਂ ਨੂੰ ਦਰਸਾਉਦੀਆਂ ਤਸਵੀਰਾਂ / ਫਲੈਸ਼ ਕਾਰਡ। |
| | " ਸੈਕਸ਼ਨ ਬਦਲਣ ਲਈ ਬਿਨੈ - ਪੱਤਰ" | ਵਿਦਿਆਰਥੀਆਂ ਨੂੰ ਵਿਹਾਰਕ ਜਿੰਦਗੀ ਵਿਚ ਬਿਨੈ-ਪੱਤਰ ਲਿਖਣ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਹੋਰ ਵਿਸ਼ਿਆਂ ਦੇ ਨਾਲ ਸਬੰਧਿਤ ਬਿਨੈ-ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ | ਵੱਖ-ਵੱਖ ਤਰ੍ਹਾਂ ਦੇ ਬਿਨੈ ਪੱਤਰਾਂ ਦੇ ਆਦਿ ਅਤੇ ਅੰਤ ਭਾਗ ਨੂੰ ਦਰਸਾਉਂਦੇ ਫਲੈਸ਼ ਕਾਰਡ। |

| ਹਫਤਾ | ਵਿਸ਼ਾ ਵਸਤੂ | ਉਦੇਸ਼ | ਸੁਝਾਈਆਂ ਕਿਰਿਆਵਾਂ | ਸਹਾਇਕ ਸਮੱਗਰੀ / ਸਾਧਨ |
|---|---|---|---|---|
| **ਚੌਥਾ ਹਫਤਾ** | ਪਾਠ-2 "ਪੇਮੀ ਦੇ ਨਿਆਣੇ" | ਵਿਦਿਆਰਥੀਆਂ ਦਾ ਡਰ ਦੂਰ ਕਰਨਾ ਅਤੇ ਨਿਡਰ ਹੋ ਕੇ ਸਮਾਜ ਵਿਚ ਵਿਚਰਨਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਇਸ ਪਾਠ ਜਿਹੀ ਉਹਨਾਂ ਨਾਲ ਵਾਪਰੀ ਕਿਸੇ ਘਟਨਾ ਨੂੰ ਸੁਣਾਉਣ ਲਈ ਕਹਿਣਾ। | ਪਾਠ ਨਾਲ ਸਬੰਧਿਤ ਤਸਵੀਰਾਂ/ਫਲੈਸ਼ ਕਾਰਡ। |
| | " ਪੁਸਤਕ ਪ੍ਰਕਾਸ਼ਕ ਵੱਲ ਪੁਸਤਕਾਂ ਮੰਗਵਾਉਣ ਲਈ ਪੱਤਰ" | ਵਿਦਿਆਰਥੀਆਂ ਨੂੰ ਵਿਹਾਰਕ ਜਿੰਦਗੀ ਵਿਚ ਪੱਤਰ ਲਿਖਣ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਹੋਰ ਵਿਸ਼ਿਆਂ ਦੇ ਨਾਲ ਸਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। | ਵੱਖ-ਵੱਖ ਤਰ੍ਹਾਂ ਦੇ ਪੱਤਰਾਂ ਦੇ ਆਦਿ ਅਤੇ ਅੰਤ ਭਾਗ ਨੂੰ ਦਰਸਾਉਂਦੇ ਫਲੈਸ਼ ਕਾਰਡ। |
| | ਵਿਸ਼ੇਸ਼ਣ ਦੀ ਪਰਿਭਾਸ਼ਾ ਤੇ ਕਿਸਮਾਂ | ਵਿਦਿਆਰਥੀਆਂ ਨੂੰ ਵਾਕ ਵਿੱਚ ਨਾਂਵ ਅਤੇ ਪੜਨਾਂਵ ਦੇ ਵਿਸ਼ੇਸ਼ ਗੁਣਾਂ ਨੂੰ ਉਜਾਗਰ ਕਰਨ ਵਾਲੇ ਸ਼ਬਦਾਂ ਤੋਂ ਜਾਣੂ ਕਰਵਾਉਣਾ ਤੇ ਉਨ੍ਹਾਂ ਦੀ ਪ੍ਰਕਾਰ ਵੰਡ ਕਰਨਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਦਿੱਤੇ ਗਏ ਪੈਰ੍ਹੇ ਵਿੱਚੋਂ ਨਾਂਵ ਅਤੇ ਪੜਨਾਂਵ ਸ਼ਬਦਾਂ ਦੀ ਵਿਸ਼ੇਸ਼ਤਾ ਦਰਸਾਉਂਦੇ ਹੋਏ ਸ਼ਬਦਾਂ ਦੀ ਪਛਾਣ ਕਰਕੇ ਉਨ੍ਹਾਂ ਦੀ ਪ੍ਰਕਾਰ ਵੰਡ ਕਰਨ ਲਈ ਕਹਿਣਾ। | ਵਿਸ਼ੇਸ਼ਣ ਅਤੇ ਇਸਦੀਆਂ ਕਿਸਮਾਂ ਨੂੰ ਦਰਸਾਉਂਦੇ ਹੋਏ ਵਾਕਾਂ ਦਾ ਚਾਰਟ / ਫਲੈਸ਼ ਕਾਰਡ। |
| **ਪੰਜਵਾਂ ਹਫਤਾ** | ਪਾਠ-15 "ਰਬਿੰਦਰ ਨਾਥ ਟੈਗੋਰ" | ਵਿਦਿਆਰਥੀਆਂ ਨੂੰ ਰਾਸ਼ਟਰੀ ਗਾਨ ਲਿਖਣ ਵਾਲੇ ਵਿਅਕਤੀ ਦੀ ਜਿੰਦਗੀ ਤੋਂ ਜਾਣੂ ਕਰਵਾਉਣਾ। | ਵਿਦਿਆਰਥੀਆਂ ਨੂੰ ਰਾਸ਼ਟਰੀ ਗੀਤ ਮੂੰਹ ਜੁਬਾਨੀ ਯਾਦ ਕਰਨ ਤੇ ਸੁਣਾਉਣ ਲਈ ਕਹਿਣਾ। | ਰਬਿੰਦਰ ਨਾਥ ਟੈਗੋਰ ਦੇ ਜੀਵਨ ਨਾਲ ਸਬੰਧਿਤ ਤਸਵੀਰਾਂ / ਫਲੈਸ਼ ਕਾਰਡ। |
| | ਲੇਖ:- "ਟੈਲੀਵਿਜਨ ਦੇ ਲਾਭ ਤੇ ਹਾਨੀਆਂ" | ਵਿਦਿਆਰਥੀ ਨੂੰ ਟੈਲੀਵਿਜਨ ਦੇ ਲਾਭ ਤੇ ਹਾਨੀਆਂ ਦੱਸਦੇ ਹੋਏ ਇਸਦੀ ਸਹੀ ਵਰਤੋਂ ਕਰਨ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਉਨ੍ਹਾਂ ਦੁਆਰਾ ਟੈਲੀਵਿਜਨ ਤੇ ਦੇਖੇ ਜਾਂਦੇ ਪ੍ਰੋਗ੍ਰਾਮਾਂ ਦੀ ਲਿਸਟ ਬਣਾ ਕੇ ਲਿਆਉਣ ਲਈ ਕਹਿਣਾ। | ਵਿਸ਼ੇ ਨਾਲ ਸਬੰਧਿਤ ਤਸਵੀਰਾਂ/ ਫਲੈਸ਼ ਕਾਰਡ |
| | ਕਿਰਿਆ ਦੀ ਪਰਿਭਾਸ਼ਾ ਅਤੇ ਕਿਸਮਾਂ | ਵਿਦਿਆਰਥੀਆਂ ਨੂੰ ਰੋਜ਼ਾਨਾ ਜਿੰਦਗੀ ਵਿਚ ਕੀਤੇ ਜਾਂਦੇ ਕੰਮਾਂ ਨੂੰ ਵਿਆਕਰਨ ਪੱਖੋਂ ਸਮਝ ਕੇ ਉਨ੍ਹਾਂ ਨੂੰ ਪ੍ਰਕਾਰ ਵੰਡ ਕਰਨਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਵਾਕਾਂ ਵਿੱਚੋਂ ਕਿਰਿਆ ਸ਼ਬਦ ਲੱਭਣ ਲਈ ਕਹਿਣਾ। | ਸਬੰਧਿਤ ਤਸਵੀਰਾਂ/ਫਲੈਸ਼ ਕਾਰਡ (ਜਿਸ ਵਿਚ ਕੋਈ ਨਾਂ ਕੋਈ ਕਿਰਿਆ ਦਰਸ਼ਾਈ ਜਾਵੇ) |
| **ਛੇਵਾਂ ਹਫਤਾ** | ਪਾਠ:- 5 "ਉਦਮ ਕਰੀਂ ਜਰੂਰ" | ਵਿਦਿਆਰਥੀਆਂ ਨੂੰ ਮਿਹਨਤ ਦੀ ਮਹੱਤਤਾ ਦੱਸਦੇ ਹੋਏ ਮਿਹਨਤੀ ਬਣਨ ਲਈ ਪ੍ਰੇਰਨਾ। | ਵਿਦਿਆਰਥੀਆਂ ਨੂੰ ਮਿਹਨਤ ਨਾਲ ਵੱਡੇ ਅਹੁਦੇ ਤੱਕ ਪਹੁੰਚੇ ਕਿਸੇ ਮਹਾਨ ਵਿਅਕਤੀ ਦੀ ਜੀਵਨੀ ਲਿਖ ਕੇ ਲਿਆਉਣ ਲਈ ਕਹਿਣਾ। | ਮਿਹਨਤੀ ਮਹਾਂਪੁਰਸ਼ਾਂ ਦੀਆਂ ਤਸਵੀਰਾਂ। |
| | "ਵਚਨ ਦੀ ਪਰਿਭਾਸ਼ਾ ਅਤੇ ਕਿਸਮਾਂ" | ਵਿਦਿਆਰਥੀਆਂ ਨੂੰ ਵਿਆਕਰਨ ਵਿਚ ਵਸਤੂਆਂ ਦੇ ਇਕ ਅਤੇ ਇਕ ਤੋਂ ਜਿਆਦਾ ਹੋਣ ਨੂੰ ਕੀ ਕਹਿੰਦੇ ਹਨ, ਉਸ ਬਾਰੇ ਸਮਝਾਉਣਾ। | ਵਿਦਿਆਰਥੀਆਂ ਨੂੰ ਵੱਖ-ਵੱਖ ਵਸਤੂਆਂ ਇਕੱਠੀਆਂ ਕਰਕੇ ਵਚਨ ਦੇ ਭੇਦ ਦੱਸਣ ਲਈ ਕਹਿਣਾ। | ਵਚਨ ਦੇ ਭੇਦਾਂ ਨੂੰ ਦਰਸਾਉਂਦੀਆਂ ਵੱਖ-ਵੱਖ ਵਸਤੂਆਂ ਨਾਲ ਸਬੰਧਿਤ ਚਾਰਟ / ਫਲੈਸ਼ ਕਾਰਡ। |

| ਹਫਤਾ | ਵਿਸ਼ਾ ਵਸਤੂ | ਉਦੇਸ਼ | ਸੁਝਾਈਆਂ ਕਿਰਿਆਵਾਂ | ਸਹਾਇਕ ਸਮੱਗਰੀ / ਸਾਧਨ |
|---|---|---|---|---|
| **ਸੱਤਵਾਂ ਹਫਤਾ** | ਪਾਠ-4 "ਸ੍ਰੀ ਗੁਰੂ ਅਰਜਨ ਦੇਵ ਜੀ"<br><br>ਮਿੱਤਰ ਸਹੇਲੀ ਨੂੰ ਗਰਮੀਆਂ ਦੀਆਂ ਛੁੱਟੀਆਂ ਇਕੱਠੀਆਂ ਬਿਤਾਉਣ ਲਈ ਪੱਤਰ | ਵਿਦਿਆਰਥੀਆਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਦੁਆਰਾ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ।<br><br>ਵਿਦਿਆਰਥੀਆਂ ਨੂੰ ਆਪਣੇ ਮਿਤਰਾਂ / ਰਿਸ਼ਤੇਦਾਰਾਂ ਨੂੰ ਪੱਤਰ ਲਿਖਣਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਸਾਰੇ ਗੁਰੂਆਂ ਦੇ ਨਾਮ ਅਤੇ ਉਹਨਾਂ ਦੇ ਜੀਵਨ ਕਾਲ ਯਾਦ ਕਰਨ ਲਈ ਕਹਿਣਾ।<br><br>ਵਿਦਿਆਰਥੀਆਂ ਨੂੰ ਹੋਰ ਵਿਸ਼ੇ ਨਾਲ ਸਬੰਧਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। | ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਨਾਲ ਸਬੰਧਿਤ ਤਸਵੀਰਾਂ/ ਫਲੈਸ਼ ਕਾਰਡ।<br><br>ਵੱਖ- ਵੱਖ ਤਰ੍ਹਾਂ ਦੇ ਪੱਤਰਾਂ ਦੇ ਆਦਿ ਅਤੇ ਅੰਤ ਭਾਗਾਂ ਨੂੰ ਦਰਸਾਉਦਾ ਹੋਇਆ ਚਾਰਟ/ਫਲੈਸ਼ ਕਾਰਡ |
| **ਅੱਠਵਾਂ ਹਫਤਾ** | **ਦੁਹਰਾਈ + FA1 ਟੈਸਟ** | | | |
| **ਨੌਵਾਂ ਹਫਤਾ** | ਪਾਠ:-6 " ਦਲੇਰੀ"<br><br>"ਗੁਆਚੇ ਸਾਈਕਲ ਦੀ ਭਾਲ ਲਈ ਥਾਣਾ ਮੁਖੀ ਨੂੰ ਪੱਤਰ"<br><br>" **1ਤੋਂ 20** ਤੱਕ ਮੁਹਾਵਰੇ" | ਵਿਦਿਆਰਥੀਆਂ ਵਿਚ ਦੂਜਿਆਂ ਦੀ ਮਦਦ ਕਰਨ ਦਾ ਜਜਬਾ ਪੈਦਾ ਕਰਨਾ।<br><br>ਵਿਦਿਆਰਥੀਆਂ ਨੂੰ ਵਿਹਾਰਕ ਜਿੰਦਗੀ ਵਿਚ ਬਿਨੈ-ਪੱਤਰ ਲਿਖਣ ਯੋਗ ਬਣਾਉਣਾ।<br><br>ਵਿਦਿਆਰਥੀਆਂ ਨੂੰ ਵਿਵਹਾਰਕ ਜਿੰਦਗੀ ਵਿਚ ਵਰਤੇ ਜਾਂਦੇ ਮੁਹਾਵਰਿਆਂ ਨੂੰ ਸਮਝਣਯੋਗ ਤੇ ਵਰਤੋਂ ਕਰਨਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਪਿੰਡ ਵਿਚ ਕਿਸੇ ਵੀ ਬੰਦੇ ਦੁਆਰਾ ਕੀਤੀ ਬਹਾਦਰੀ ਦੀ ਕਹਾਣੀ ਲਿਖ ਕੇ ਲਿਆਉਣ ਲਈ ਕਹਿਣਾ।<br><br>ਵਿਦਿਆਰਥੀਆਂ ਨੂੰ ਹੋਰ ਵਿਸ਼ਿਆਂ ਦੇ ਨਾਲ ਸਬੰਧਿਤ ਬਿਨੈ-ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ<br><br>ਵਿਦਿਆਰਥੀਆਂ ਨੂੰ ਪੜ੍ਹਾਏ ਮੁਹਾਵਰਿਆਂ ਦੇ ਹੋਰ ਵਾਕ ਬਣਾਉਣ ਲਈ ਕਹਿਣਾ। | ਪਾਠ ਨਾਲ ਸਬੰਧਿਤ ਤਸਵੀਰਾਂ / ਫਲੈਸ਼ ਕਾਰਡ।<br><br>ਵੱਖ-ਵੱਖ ਤਰ੍ਹਾਂ ਦੇ ਬਿਨੈ-ਪੱਤਰਾਂ ਦੇ ਆਦਿ ਅਤੇ ਅੰਤ ਭਾਗ ਨੂੰ ਦਰਸਾਉਂਦੇ ਫਲੈਸ਼ ਕਾਰਡ।<br><br>ਮੁਹਾਵਰਿਆਂ ਤੋਂ ਬਣੇ ਵਾਕਾਂ ਦੇ ਚਾਰਟ / ਫਲੈਸ਼ ਕਾਰਡ ਆਦਿ |

| ਹਫਤਾ | ਵਿਸ਼ਾ ਵਸਤੂ | ਉਦੇਸ਼ | ਸੁਝਾਈਆਂ ਕਿਰਿਆਵਾਂ | ਸਹਾਇਕ ਸਮੱਗਰੀ / ਸਾਧਨ |
|---|---|---|---|---|
| **ਦਸਵਾਂ ਹਫਤਾ** | ਪਾਠ :-20<br>"ਛੱਲੀਆਂ ਦੇ ਰਾਖੇ" | ਵਿਦਿਆਰਥੀਆਂ ਨੂੰ ਸਾਉਣ ਭਾਦੋਂ ਦੀਆਂ ਝੜੀਆਂ ਵਿਚ ਇਨਸਾਨਾਂ ਅਤੇ ਪੰਛੀਆਂ ਦੀ ਹੁੰਦੀ ਦੁਰਦਸ਼ਾ ਤੋਂ ਜਾਣੂ ਕਰਵਾਉਣਾ। | ਵਿਦਿਆਰਥੀਆਂ ਨੂੰ ਉਨ੍ਹਾਂ ਦੀ ਜਿੰਦਗੀ ਵਿਚ ਵਾਪਰੀ ਕਿਸੇ ਅਜਿਹੀ ਹੀ ਘਟਨਾ ਲਿਖ ਕੇ ਲਿਆਉਣ ਲਈ ਕਹਿਣਾ। | ਵਿਸ਼ੇ ਨਾਲ ਸਬੰਧਿਤ ਤਸਵੀਰਾਂ / ਫਲੈਸ਼ ਕਾਰਡ। |
| | ਲੇਖ<br>ਵਧਦੀ ਆਬਾਦੀ ਦੀ ਸਮੱਸਿਆ | ਵਿਦਿਆਰਥੀਆਂ ਨੂੰ ਵਧ ਰਹੀ ਆਬਾਦੀ ਦੇ ਨੁਕਸਾਨ ਅਤੇ ਇਸ ਨੂੰ ਕਾਬੂ ਕਰਨ ਲਈ ਕੀਤੇ ਜਾ ਰਹੇ ਸਰਕਾਰੀ ਉਪਾਵਾਂ ਤੋਂ ਜਾਣੂ ਕਰਵਾਉਣਾ। | ਵਿਦਿਆਰਥੀਆਂ ਨੂੰ ਦੁਨੀਆਂ ਦੇ ਵੱਧ ਆਬਾਦੀ ਵਾਲੇ ਦੇਸ਼ਾਂ ਦੀ ਸੂਚੀ ਬਣਾ ਕੇ ਲਿਆਉਣ ਲਈ ਕਹਿਣਾ। | ਵਿਸ਼ੇ ਨਾਲ ਸਬੰਧਿਤ ਤਸਵੀਰਾਂ / ਫ਼ਲੈਸ਼ ਕਾਰਡ। |
| | ਮੁਹਾਵਰੇ<br>20 ਤੋਂ 40 | ਵਿਵਹਾਰਕ ਜਿੰਦਗੀ ਵਿਚ ਵਰਤੇ ਜਾਂਦੇ ਮੁਹਾਵਰਿਆਂ ਨੂੰ ਸਮਝਣਯੋਗ ਤੇ ਵਰਤੋਂ ਕਰਨਯੋਗ ਬਣਾਉਣਾ | ਵਿਦਿਆਰਥੀਆਂ ਨੂੰ ਪੜ੍ਹਾਏ ਮੁਹਾਵਰਿਆਂ ਦੇ ਹੋਰ ਵਾਕ ਬਣਾਉਣ ਲਈ ਕਹਿਣਾ | ਮੁਹਾਵਰਿਆਂ ਤੋਂ ਬਣੇ ਵਾਕਾਂ ਦੇ ਚਾਰਟ / ਫਲੈਸ਼ ਕਾਰਡ ਆਦਿ |
| **ਗਿਆਰਵਾਂ ਹਫਤਾ** | ਪਾਠ:-10<br>"ਹਰਿਆਵਲ ਦੇ ਬੀਜ" | ਵਿਦਿਆਰਥੀਆਂ ਨੂੰ ਵਾਤਾਵਰਨ ਬਾਰੇ ਜਾਣਕਾਰੀ ਦਿੰਦੇ ਹੋਏ ਰੁਖ ਲਾਉਣ ਲਈ ਪ੍ਰੇਰਨਾ। | ਵਿਦਿਆਰਥੀਆਂ ਨੂੰ ਇਕ ਇਕ ਪੌਦਾ ਲਾਉਣ ਤੇ ਪਾਲਣ ਲਈ ਕਹਿਣਾ। | ਵਿਸ਼ੇ ਨਾਲ ਸਬੰਧਿਤ ਤਸਵੀਰਾਂ / ਫਲੈਸ਼ ਕਾਰਡ। |
| | ਮਿੱਤਰ / ਸਹੇਲੀ ਨੂੰ ਸਲਾਨਾ ਸਮਾਗਮ ਵਿਚ ਸਾਮਿਲ ਹੋਣ ਲਈ ਪੱਤਰ | ਵਿਦਿਆਰਥੀਆਂ ਨੂੰ ਵਿਹਾਰਕ ਜਿੰਦਗੀ ਵਿਚ ਪੱਤਰ ਲਿਖਣ ਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਹੋਰ ਵਿਸ਼ਿਆਂ ਦੇ ਨਾਲ ਸਬੰਧਿਤ ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। | ਵੱਖ-ਵੱਖ ਤਰ੍ਹਾਂ ਦੇ ਪੱਤਰਾਂ ਦੇ ਆਦਿ ਅਤੇ ਅੰਤ ਭਾਗ ਨੂੰ ਦਰਸ਼ਾਉਂਦੇ ਫਲੈਸ਼ ਕਾਰਡ। |
| | ਕਾਲ ਦੀ ਪਰਿਭਾਸ਼ਾ ਤੇ ਕਿਸਮਾਂ | ਵਿਦਿਆਰਥੀਆਂ ਨੂੰ ਵੱਖ -ਵੱਖ ਕੰਮਾਂ ਦੇ ਹੋਣ ਜਾਂ ਕਰਨ ਦੇ ਸਮੇਂ ਨੂੰ ਵਿਆਕਰਨ ਅਨੁਸਾਰ ਸਮਝਣਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਵੱਖ - ਵੱਖ ਕਾਲ ਨੂੰ ਦਰਸਾਉਦੇ ਹੋਏ ਵਾਕ ਬਣਾਉਣ ਲਈ ਕਹਿਣਾ। | ਕਾਲ ਦੀ ਪਰਿਭਾਸ਼ਾ ਤੇ ਕਿਸਮਾਂ ਨੂੰ ਦਿਖਾਉਦਾ ਚਾਰਟ। |
| **ਬਾਰ੍ਹਵਾਂ ਹਫਤਾ** | ਪਾਠ:-11<br>ਪੰਜਾਬੀ ਲੋਕ ਨਾਚ ਗਿੱਧਾ | ਵਿਦਿਆਰਥੀਆਂ ਨੂੰ ਪੰਜਾਬ ਦੇ ਲੋਕ ਨਾਚ ਗਿੱਧੇ ਤੋਂ ਜਾਣੂ ਕਰਵਾਉਣਾ। | ਵਿਦਿਆਰਥੀਆਂ ਨੂੰ ਗਿੱਧੇ ਦੀਆਂ ਬੋਲੀਆਂ ਲਿਖ ਕੇ ਲਿਆਉਣ ਲਈ ਕਹਿਣਾ। | ਪਾਠ ਨਾਲ ਸਬੰਧਿਤ ਤਸਵੀਰਾਂ / ਫਲੈਸ਼ ਕਾਰਡ। |
| | ਲੇਖ<br>ਵਿਦਿਆਰਥੀ ਤੇ ਅਨੁਸ਼ਾਸ਼ਨ | ਵਿਦਿਆਰਥੀਆਂ ਨੂੰ ਵਿਦਿਅਕ ਜਿੰਦਗੀ ਵਿਚ ਅਨੁਸ਼ਾਸ਼ਨ ਦੇ ਮਹੱਤਵ ਤੋਂ ਜਾਣੂ ਕਰਵਾਉਣਾ। | ਵਿਦਿਆਰਥੀਆਂ ਨੂੰ ਅਨੁਸ਼ਾਸ਼ਨ ਦੇ ਲਾਭ ਲਿਖ ਕੇ ਲਿਆਉਣ ਲਈ ਕਹਿਣਾ। | ਸਬੰਧਤ ਚਾਰਟ/ ਫਲੈਸ਼ ਕਾਰਡ। |
| | ਕਿਰਿਆ ਵਿਸ਼ੇਸ਼ਣ ਦੀ ਪਰਿਭਾਸ਼ਾ | ਵਿਦਿਆਰਥੀਆਂ ਨੂੰ ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਬਾਰੇ ਜਾਣਕਾਰੀ ਦੇਣਾ | ਵਿਦਿਆਰਥੀਆਂ ਨੂੰ ਦਿੱਤੇ ਪੈਰ੍ਹੇ ਵਿਚੋਂ ਕਿਰਿਆ ਵਿਸ਼ੇਸ਼ਣ ਸ਼ਬਦ ਚੁਣਨ ਲਈ ਕਹਿਣਾ। | ਵਿਸ਼ੇ ਨਾਲ ਸਬੰਧਤ ਚਾਰਟ/ ਫਲੈਸ਼ ਕਾਰਡ। |

| ਹਫਤਾ | ਵਿਸ਼ਾ ਵਸਤੂ | ਉਦੇਸ਼ | ਸੁਝਾਈਆਂ ਕਿਰਿਆਵਾਂ | ਸਹਾਇਕ ਸਮੱਗਰੀ / ਸਾਧਨ |
|---|---|---|---|---|
| **ਤੇਰਵਾਂ ਹਫਤਾ** | ਪਾਠ :-14 "ਸਾਂਝੀ ਮਾਂ" | ਵਿਦਿਆਰਥੀਆਂ ਨੂੰ ਇਨਸਾਨੀਅਤ ਦੀ ਮਹੱਤਤਾ ਸਮਝਣ ਦੇ ਯੋਗ ਬਣਾਉਣਾ ਤੇ ਮਾਨਵਤਾ ਦੀ ਭਾਵਨਾ ਪੈਦਾ ਕਰਨਾ। | ਵਿਦਿਆਰਥੀਆਂ ਨੂੰ ਇਨਸਾਨੀਅਤ ਦੇ ਰਿਸ਼ਤਿਆਂ ਨੂੰ ਦਰਸਾਉਦੀ ਕਹਾਣੀ ਸੁਣਾਉਣ ਲਈ ਜਾਂ ਲਿਖਣ ਲਈ ਕਹਿਣਾ। | ਪਾਠ ਨਾਲ ਸਬੰਧਤ ਤਸਵੀਰਾਂ / ਫ਼ਲੈਸ਼ ਕਾਰਡ। |
| | "ਸਕੂਲ ਵਿਚ ਖੇਡ ਸਮਾਗਮ ਕਰਾਉਣ ਲਈ ਮੁੱਖਅਧਿਆਪਕ ਨੂੰ ਬਿਨੈ - ਪੱਤਰ" | ਵਿਦਿਆਰਥੀਆਂ ਨੂੰ ਵਿਹਾਰਕ ਜਿੰਦਗੀ ਵਿਚ ਬਿਨੈ-ਪੱਤਰ ਲਿਖਣ ਯੋਗ ਬਣਾਉਣਾ | ਵਿਦਿਆਰਥੀਆਂ ਨੂੰ ਹੋਰ ਵਿਸ਼ਿਆਂ ਦੇ ਨਾਲ ਸਬੰਧਿਤ ਬਿਨੈ-ਪੱਤਰ ਲਿਖਣ ਦਾ ਅਭਿਆਸ ਕਰਨ ਲਈ ਕਹਿਣਾ। | ਵੱਖ-ਵੱਖ ਤਰ੍ਹਾਂ ਦੇ ਬਿਨੈ-ਪੱਤਰਾਂ ਦੇ ਆਦਿ ਅਤੇ ਅੰਤ ਭਾਗ ਨੂੰ ਦਰਸਾਉਂਦੇ ਫਲੈਸ਼ ਕਾਰਡ। |
| | ਕਿਰਿਆ ਵਿਸ਼ੇਸ਼ਣ ਦੀਆਂ ਕਿਸਮਾਂ | ਵਿਦਿਆਰਥੀਆਂ ਨੂੰ ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਦੀ ਪ੍ਰਕਾਰ ਵੰਡ ਕਰਨਯੋਗ ਬਣਾਉਣਾ। | ਵਿਦਿਆਰਥੀਆਂ ਨੂੰ ਦਿੱਤੇ ਪੈਰ੍ਹੇ ਵਿਚੋਂ ਕਿਰਿਆ ਵਿਸ਼ੇਸ਼ਣ ਸ਼ਬਦ ਚੁਣ ਕੇ ਉਨ੍ਹਾਂ ਦੀ ਪ੍ਰਕਾਰ ਵੰਡ ਕਰਨ ਲਈ ਕਹਿਣਾ। | ਵਿਸ਼ੇ ਨਾਲ ਸਬੰਧਤ ਚਾਰਟ/ ਫਲੈਸ਼ ਕਾਰਡ। |
| **ਚੌਦਵਾਂ ਹਫਤਾ** | ਪਾਠ-19 "ਅੰਮੜੀ ਦਾ ਵਿਹੜਾ" | ਵਿਦਿਆਰਥੀਆਂ ਨੂੰ ਕੁੜੀਆਂ ਦਾ ਆਪਣੇ ਮਾਪਿਆਂ ਦੇ ਘਰ ਨਾਲ ਗੂੜੇ ਪਿਆਰ ਨੂੰ ਅਤੇ ਆਪਣੇ ਬਚਪਨ ਨੂੰ ਯਾਦ ਕਰਨ ਨੂੰ ਸਮਝਾਉਣ ਦੇ ਨਾਲ ਨਾਲ ਪੁਰਾਤਨ ਪੰਜਾਬ ਵਿਚ ਲੜਕੀਆਂ ਦੁਆਰਾ ਕੀਤੇ ਜਾਂਦੇ ਕੰਮਾਂ ਤੋਂ ਜਾਣੂ ਕਰਵਾਉਣਾ। | ਵਿਦਿਆਰਥੀਆਂ ਨੂੰ ਪਿੰਡਾਂ ਵਿਚ ਅੱਜ ਕੱਲ੍ਹ ਸਮਾਂ ਗੁਜਾਰਨ ਲਈ ਖੇਡੀਆਂ ਜਾਂਦੀਆਂ ਖੇਡਾਂ ਅਤੇ ਕੀਤੇ ਜਾਂਦੇ ਕੰਮਾਂ ਦੀ ਸੂਚੀ ਬਣਾਉਣ ਲਈ ਕਹਿਣਾ। | ਪਾਠ ਵਿਚ ਆਈਆਂ ਵਸਤੂਆਂ ਦੀਆਂ ਤਸਵੀਰਾਂ / ਫਲੈਸ਼ ਕਾਰਡ। |
| | ਲੇਖ:- "ਆਜਾਦੀ ਦਿਵਸ" | ਵਿਦਿਆਰਥੀਆਂ ਅੰਦਰ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨਾ ਅਤੇ ਅਜ਼ਾਦੀ ਦੇ ਸੰਘਰਸ਼ ਬਾਰੇ ਜਾਣਕਾਰੀ। | ਵਿਦਿਆਰਥੀਆਂ ਨੂੰ ਸਕੂਲ ਵਿਚ ਮਨਾਏ ਗਏ ਅਜ਼ਾਦੀ ਸਮਾਰੋਹ ਸਬੰਧੀ ਲਿਖਣ ਲਈ ਕਹਿਣਾ। | ਤਿਰੰਗਾ ਝੰਡਾ, ਦੇਸ਼ ਭਗਤਾਂ ਦੀਆਂ ਤਸਵੀਰਾਂ । |
| | ਕਹਾਣੀ :- "ਦਰਜੀ ਅਤੇ ਹਾਥੀ" | ਵਿਦਿਆਰਥੀਆਂ ਨੂੰ ਮਾੜੇ ਕਰਮਾਂ ਦਾ ਫਲ੍ਹ ਮਾੜਾ ਹੁੰਦਾ ਹੈ , ਬਾਰੇ ਸਮਝਾਉਣਾ। | ਵਿਦਿਆਰਥੀਆਂ ਨੂੰ ਵਿਸ਼ੇ ਨਾਲ ਮਿਲਦੀ ਜੁਲਦੀ ਕੋਈ ਹੋਰ ਕਹਾਣੀ ਸੁਣਾਉਣ ਜਾਂ ਲਿਖ ਕੇ ਲਿਆਉਣ ਲਈ ਕਹਿਣਾ | ਕਹਾਣੀ ਦੇ ਵੱਖ-ਵੱਖ ਪੜਾਵਾਂ ਨੂੰ ਦਰਸਾਉਂਦੀਆਂ ਤਸਵੀਰਾਂ / ਫਲੈਸ਼ ਕਾਰਡ। |
| **ਪੰਦਰਵਾਂ ਹਫਤਾ** | ਪਾਠ:-18 "ਹਾਕੀ ਦਾ ਜਾਦੂਗਰ ਧਿਆਨ ਚੰਦ" | ਵਿਦਿਆਰਥੀਆਂ ਨੂੰ ਧਿਆਨ ਚੰਦ ਦੀ ਜਿੰਦਗੀ ਅਤੇ ਪ੍ਰਾਪਤੀਆਂ ਬਾਰੇ ਦੱਸਦੇ ਹੋਏ ਵਿਦਿਆਰਥੀਆਂ ਦੀ ਖੇਡਾਂ ਵਿਚ ਰੁਚੀ ਪੈਦਾ ਕਰਨੀ। | ਵਿਦਿਆਰਥੀਆਂ ਨੂੰ ਧਿਆਨ ਚੰਦ ਵਰਗੇ ਹੋਰ ਮਹਾਨ ਖਿਡਾਰੀਆਂ ਦੀਆਂ ਤਸਵੀਰਾਂ ਕਾਪੀ ਤੇ ਚਿਪਕਾ ਕੇ ਨਾਮ ਲਿਖ ਕੇ ਲਿਆਉਣ ਲਈ ਕਹਿਣਾ। | ਧਿਆਨ ਚੰਦ ਦੀ ਜਿੰਦਗੀ ਨਾਲ ਸਬੰਧਿਤ ਤਸਵੀਰਾਂ / ਫਲੈਸ਼ ਕਾਰਡ। |
| | ਕਹਾਣੀ "ਲੇਲਾ ਤੇ ਬਘਿਆੜ" | ਵਿਦਿਆਰਥੀਆਂ ਨੂੰ ਜੁਲਮ ਕਰਨ ਵਾਲਾ ਕੋਈ ਨਾ ਕੋਈ ਬਹਾਨਾ ਲੱਭ ਲੈਂਦਾ ਹੈ ਸਿੱਖਿਆ ਤੋਂ ਜਾਣੂ ਕਰਵਾਉਣਾ। | ਵਿਦਿਆਰਥੀਆਂ ਨੂੰ ਵਿਸ਼ੇ ਨਾਲ ਮਿਲਦੀ ਜੁਲਦੀ ਕੋਈ ਹੋਰ ਕਹਾਣੀ ਸੁਣਾਉਣ ਜਾਂ ਲਿਖ ਕੇ ਲਿਆਉਣ ਲਈ ਕਹਿਣਾ | ਕਹਾਣੀ ਦੇ ਵੱਖ-ਵੱਖ ਪੜਾਵਾਂ ਨੂੰ ਦਰਸਾਉਂਦੀਆਂ ਤਸਵੀਰਾਂ / ਫਲੈਸ਼ ਕਾਰਡ। |

| | |
|---|---|
| ਸੋਲਵਾਂ ਹਫਤਾ | **ਦੁਹਰਾਈ + FA2 ਟੈਸਟ** |
| ਸਤੰਬਰ | **ਦੁਹਰਾਈ ਅਤੇ SA1 ਮੁਲਾਂਕਣ** |